ਅਖੰਡ ਕੀਰਤਨੀ ਜੱਥਾ ਇੰਟਰਨੈਸ਼ਨਲ (ਰਜਿ:)

AKHAND KIRTANI JATHA INTERNATIONAL (REGD)

Head Office : 37, Braham Buta Market, Opp. Sita Niwas, Sri Amritsar.

ਹੈੱਡ ਆਫਿਸ : ੩੭, ਬ੍ਰਹਮਬੂਟਾ ਮਾਰਕੀਟ, ਸਾਹਮਣੇ ਸੀਤਾ ਨਿਵਾਸ, ਅੰਮ੍ਰਿਤਸਰ

ਮੁੱਖ ਸੇਵਾਦਾਰ : ਜੱਥੇਦਾਰ ਭਾਈ ਸੂਰਤ ਸਿੰਘ ਜੀ 'ਪੂਰਨ'

Ref No. **Date:**

ਅੱਜ ਮਿਤੀ 11/06/08 ਨੂੰ ਅਖੰਡ ਕੀਰਤਨੀ ਜਥੇ ਦੀ 11 ਮੈਂਬਰੀ ਕਮੇਟੀ ਦੀ ਮੀਟਿੰਗ ਭਾਈ ਸਾਹਿਬ ਭਾਈ ਰਣਧੀਰ ਸਿੰਘ ਨਿਵਾਸ ਅਤੇ ਲੰਗਰ ਦੇ ਰੰਗਲੇ ਸੱਜਣ ਟਰੱਸਟ ਸ੍ਰੀ ਅੰਮ੍ਰਿਤਸਰ ਵਿਖੇ ਹੋਈ। ਜਿਸ ਵਿਚ ਅਖੰਡ ਕੀਰਤਨੀ ਜਥੇ ਦੀ ਰੰਗਲੀ ਫੁਲਵਾੜੀ ਵਿਚ ਫੁੱਟ ਪਾਉਣ ਵਾਲੀ ਇਸ਼ਤਿਹਾਰੀ ਅਤੇ ਇੰਟਰਨੈਟ ਅਤੇ ਹੋਰ ਅਨੇਕ ਮੀਡੀਏ ਰਾਹੀਂ ਇਤਰਾਜ਼ਯੋਗ ਸ਼ਬਦਾਵਲੀ ਵਰਤੀ ਜਾ ਰਹੀ ਹੈ। ਜਿਸ ਨਾਲ ਦੇਸ਼ ਵਿਦੇਸ਼ਾਂ ਵਿਚ ਕੋਨੇ ਕੋਨੇ ਵਿਚ ਬੈਠੀਆਂ ਅਖੰਡ ਕੀਰਤਨੀ ਜਥੇ ਦੀਆਂ ਸੰਗਤਾਂ ਦੇ ਹਿਰਦੇ ਵਲੂੰਧਰੇ ਗਏ ਹਨ। ਉਪਰੋਕਤ ਘਟਨਾਵਾਂ ਲਈ ਆਪਣੇ ਆਪ ਨਿਜੀ ਤੌਰ ਤੇ ਕਿਸੇ ਇਕ ਮੈਂਬਰ ਰਾਹੀਂ ਅਖੰਡ ਕੀਰਤਨੀ ਜਥੇ ਦੀ 11 ਮੈਂਬਰੀ ਕਮੇਟੀ ਵਲੋਂ ਬਿਆਨ ਕਹਿ ਕੇ ਸੰਗਤ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ। ਜਿਸ ਨਾਲ ਅਸਿਧੇ ਤੌਰ ਤੇ 11 ਮੈਂਬਰੀ ਕਮੇਟੀ ਨੂੰ ਫੁੱਟ ਪਾਉਣ ਵਾਲੀ ਚਾਲ ਖੇਡਣ ਤੋਂ ਗੁਰੇਜ਼ ਨਹੀਂ ਕੀਤਾ ਗਿਆ ਬਾਰੇ ਵਿਚਾਰਾਂ ਹੋਈਆਂ।

ਜਦੋਂ ਕਿ ਪਿਛਲੇ ਬੀਤੇ ਸਮੇਂ ਵਿਚ ਦਸਮ ਗ੍ਰੰਥ ਦੇ ਮੁੱਦੇ ਨੂੰ ਲੈ ਕੇ ਦੇਸ਼ ਵਿਦੇਸ਼ਾਂ ਵਿਚ ਕੁਝ ਮੈਂਬਰਾਂ ਨੇ ਅਖੰਡ ਕੀਰਤਨੀ ਜਥੇ ਦਾ ਨਾਂ ਵਰਤ ਕੇ ਅਖਬਾਰਾਂ ਰਾਹੀਂ ਅਤੇ ਇੰਟਰਨੈਟ ਰਾਹੀਂ ਦਿਤੇ ਵਖਰੇਵੇਂ ਵਾਲੇ ਬਿਆਨਾਂ ਨੂੰ ਲੈ ਕੇ 11 ਮੈਂਬਰੀ ਕਮੇਟੀ ਦੀ ਪਿਛਲੀ ਮੀਟਿੰਗ ਵਿਚ ਅਜਿਹਾ ਕਰਨ ਤੋਂ ਸਮੁਚੇ ਅਖੰਡ ਕੀਰਤਨੀ ਜਥੇ ਦੇ ਮੈਂਬਰਾਂ ਨੂੰ ਅਪੀਲ ਰਾਹੀਂ ਗੁਰੇਜ ਕਰਨ ਦਾ ਫੈਸਲਾ ਕੀਤਾ ਜਾ ਚੁੱਕਾ ਹੈ ਤਾਂ ਕਿ ਕਿਸੇ ਵੀ ਪੰਥਕ ਮੁੱਦੇ ਨੂੰ ਲੈ ਕੇ ਜਥੇ ਦੇ ਮੈਂਬਰਾਂ ਵਿਚ ਕੋਈ ਫੁੱਟ ਨਾ ਪੈ ਸਕੇ। ਕਿਉਂਕਿ ਗੁਰਮਤਿ ਅਨੁਸਾਰ ਰਹਿਣੀ ਬਹਿਣੀ ਕਾਰਨ ਹੀ ਜਥਾ ਵਧਿਆ ਫੁਲਿਆ ਹੈ।

ਉਪਰੋਕਤ ਫੈਸਲੇ ਦੇ ਬਾਵਜੂਦ ਵੀ ਉਪਰੋਕਤ ਘਟਨਾ ਵਾਪਰੀਆਂ ਹਨ। ਇਸ ਤੋਂ ਸਾਬਤ ਹੁੰਦਾ ਹੈ ਕਿ ਅਜਿਹਾ ਕਰਨ ਵਾਲਿਆਂ ਦਾ ਗੁਰਸਿੱਖਾਂ ਪ੍ਰਤੀ ਕੀ ਸਤਿਕਾਰ ਹੈ ਅਤੇ ਜਥੇ ਦਾ ਕੀ ਭਲਾ ਲੋਚਦੇ ਹਨ।

ਇਸ ਲਈ ਉਪਰੋਕਤ ਸਭ ਕੁਝ ਨੂੰ ਰੋਕ ਲਾਉਣ ਲਈ ਹੇਠ ਲਿਖੇ ਫੈਸਲੇ ਲਏ ਗਏ ਹਨ :

ਅਖੰਡ ਕੀਰਤਨੀ ਜਥੇ ਦੇ ਜਥੇਦਾਰ ਭਾਈ ਸੂਰਤ ਸਿੰਘ ਜੀ 'ਪੂਰਨ ਜੀ' ਹਨ ਅਤੇ 11 ਮੈਂਬਰੀ ਕਮੇਟੀ ਪੰਥਕ ਮਸਲੇ ਅਤੇ ਜਥੇਬੰਦੀ ਦੇ ਪ੍ਰਬੰਧਕੀ ਢਾਂਚੇ ਨੂੰ ਸਥਾਨਕ ਸੰਗਤਾਂ ਦੇ ਸਹਿਯੋਗ ਨਾਲ ਜਥੇਬੰਦੀ ਦੀ ਬੇਹਤਰੀ ਲਈ ਬਣੀ ਹੈ।

1. ਇਸ ਲਈ ਅਖੰਡ ਕੀਤਰਨੀ ਜਥੇ ਵਲੋਂ ਕੋਈ ਵੀ ਹੋਰ ਜਥੇਬੰਦੀ ਬਨਾਉਣ ਲਈ ਕੋਈ ਪ੍ਰਵਾਨਗੀ ਨਹੀਂ ਦਿੱਤੀ ਗਈ ਅਗਰ ਜਥੇਬੰਦੀ ਵਿਚ ਅੰਮ੍ਰਿਤ ਛੱਕ ਕੇ ਕੋਈ ਵਿਅਕਤੀ ਕਿਸੇ ਨਾਂ ਹੇਠ ਜਥੇਬੰਦੀ ਰਜਿਸਟਰ ਕਰਵਾ ਕੇ ਕਿਸੇ ਪੰਥਕ ਸੇਵਾਵਾਂ ਲਈ ਯਤਨ ਕਰਦੇ ਹਨ। ਇਹ ਉਹਨਾਂ ਨੂੰ ਮੁਬਾਰਕ ਹੈ। ਉਸ ਦੇ ਮੰਦੇ ਚੰਗੇ ਕੰਮ ਲਈ ਉਹ ਜੁਮੇਵਾਰ ਹਨ।

2. ਅਖੰਡ ਕੀਰਤਨੀ ਜਥੇ ਦੇ ਨਾਂ ਤੇ ਕਿਸੇ ਵੀ ਦੇਸ਼ ਵਿਦੇਸ਼ ਦੀ ਸੰਗਤ ਨੂੰ ਬਿਨਾਂ ਅਖੰਡ ਕੀਰਤਨ ਸਮਾਗਮ ਅੰਮ੍ਰਿਤ ਸੰਚਾਰ ਪ੍ਰੋਗਰਾਮਾਂ ਦੀ ਜਾਣਕਾਰੀ ਤੋਂ ਬਿਨਾਂ ਕਿਸੇ ਵੀ ਪੰਥਕ ਮੁਦੇ ਪ੍ਰਤੀ ਬਿਆਨਬਾਜ਼ੀ ਨਾ ਕੀਤੀ ਜਾਵੇ ਕਿਉਂਕਿ ਜਥਾ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਤ ਹੈ, ਪੰਥਕ ਮਰਿਆਦਾ ਦੇ ਫੈਸਲੇ ਲਈ ਸ੍ਰੀ ਅਕਾਲ ਤਖਤ ਸਾਹਿਬ ਹੀ ਸੁਪਰੀਮ ਹੈ।

3. ਗੁਰਸਿੱਖ ਸੰਸਥਾ ਅਤੇ ਸ਼ਹਿਬਾਜ਼ ਖਾਲਸਾ ਦੇ ਜਥੇਬੰਦੀ ਦੇ ਮੈਂਬਰਾਂ ਵਲੋਂ ਅਖੰਡ ਜਥੇ ਦੇ ਅਤੇ ਹੋਰ ਮੈਂਬਰਾਂ ਪ੍ਰਤੀ ਮੀਡੀਏ ਅਤੇ

ਅਖੰਡ ਕੀਰਤਨੀ ਜੱਥਾ ਇੰਟਰਨੈਸ਼ਨਲ (ਰਜਿ:)

AKHAND KIRTANI JATHA INTERNATIONAL (REGD)

Head Office : 37, Braham Buta Market, Opp. Sita Niwas, Sri Amritsar.

ਹੈੱਡ ਆਫਿਸ : ੩੭, ਬ੍ਰਹਮਬੂਟਾ ਮਾਰਕੀਟ, ਸਾਹਮਣੇ ਸੀਤਾ ਨਿਵਾਸ, ਅੰਮ੍ਰਿਤਸਰ

ਮੁੱਖ ਸੇਵਾਦਾਰ : ਜੱਥੇਦਾਰ ਭਾਈ ਸੂਰਤ ਸਿੰਘ ਜੀ 'ਪੂਰਨ'

Ref No. **Date:**

ਇਸ਼ਤਿਹਾਰੀ ਜਾਂ ਇੰਟਰਨੈਟ ਵਗੈਰਾ ਰਾਹੀਂ ਭੱਦੀ ਸ਼ਬਦਾਵਲੀ ਵਰਤਣ ਤੋਂ ਗੁਰੇਜ਼ ਕਰਨ।

4. ਅਖੰਡ ਕੀਰਤਨੀ ਜਥਾ ਦਿੱਲੀ ਦੀ ਕਮੇਟੀ ਵਲੋਂ ਪਿਛਲੇ ਸਮੇਂ ਦੌਰਾਨ ਗੁਰਸਿੱਖ ਜਥੇਬੰਦੀ ਅਤੇ ਸ਼ਹਿਬਾਜ਼ ਖਾਲਸਾ ਜਥੇਬੰਦੀ ਦੇ ਮੈਂਬਰਾਂ ਦਾ ਇਹਨਾਂ ਵਲੋਂ ਸਤਿਕਾਰਯੋਗ ਗੁਰਸਿੱਖਾਂ ਪ੍ਰਤੀ ਵਰਤੀ ਸ਼ਬਦਾਵਲੀ ਨੂੰ ਲੈ ਕੇ ਕੀਤੇ ਬਾਈਕਾਟ ਲਈ ਪਹਿਲਾਂ 11 ਮੈਂਬਰੀ ਕਮੇਟੀ ਦੀ ਸਲਾਹ ਲੈ ਲੈਣੀ ਚਾਹੀਦੀ ਸੀ। ਅਗਰ ਇਹਨਾਂ ਜਥੇਬੰਦੀਆਂ ਦੇ ਮੈਂਬਰਾਂ ਨੂੰ ਇਸ ਪ੍ਰਤੀ ਕੋਈ ਰੋਸ ਹੈ ਤਾਂ ਉਹ ਆਪਣਾ ਪੱਖ 11 ਮੈਂਬਰੀ ਕਮੇਟੀ ਕੋਲ ਰੱਖ ਸਕਦੇ ਹਨ।

5. ਬੁਲੇਟਿਨ ਮੈਗਜੀਨ ਅਖੰਡ ਕੀਰਤਨੀ ਜਥੇ ਦੇ ਨਾਂ ਹੇਠ ਹੀ ਸ੍ਰੀ ਅੰਮ੍ਰਿਤਸਰ ਤੋਂ ਜਥੇਦਾਰ ਸਾਹਿਬ ਦੀ ਸਰਪ੍ਰਸਤੀ ਹੇਠ ਚਲੇਗਾ। 11 ਮੈਂਬਰੀ ਕਮੇਟੀ ਦਾ ਕੋਈ ਮੈਂਬਰ ਜਾਂ ਬੁਲਾਰਾ ਕਮੇਟੀ ਦੀ ਮੀਟਿੰਗ ਵਿਚ ਕੋਈ ਵੀ ਮਤਾ ਪ੍ਰਵਾਨ ਹੋਏ ਬਿਨਾਂ ਕਿਸੇ ਪ੍ਰੈਸ ਜਾਂ ਇੰਟਰਨੈਟ ਤੇ ਕਿਸੇ ਕਿਸਮ ਦਾ ਬਿਆਨ ਨਹੀਂ ਦੇਵੇਗਾ।

ਉਪਰੋਕਤ ਕੀਤੇ ਫੈਸਲਿਆਂ ਦੀ ਉਲੰਘਣਾ ਕਰਨ ਵਾਲੇ ਖਿਲਾਫ 11 ਮੈਂਬਰੀ ਕਮੇਟੀ ਵਲੋਂ ਗੁਰਮਤਿ ਅਨੁਸਾਰ ਕਾਰਵਾਈ ਕੀਤੀ ਜਾਏਗੀ।

ਦਸਤਖਤ—

ਕਮੇਟੀ ਮੈਂਬਰ : ਅਵਤਾਰ ਸਿੰਘ (ਮੱਲੀਆਂ), ਪਰਮਜੀਤ ਸਿੰਘ (ਤਰਨ ਤਾਰਨ), ਧਨਵੰਤ ਸਿੰਘ (ਅੰਮ੍ਰਿਤਸਰ), ਰਜਿੰਦਰ ਪਾਲ ਸਿੰਘ (ਚੰਡੀਗੜ੍ਹ), ਨਿਰਮਲਬੀਰ ਸਿੰਘ (ਅੰਮ੍ਰਿਤਸਰ), ਬਖਸ਼ੀਸ਼ ਸਿੰਘ (ਫਗੜਾੜਾ), ਅਰਜਨ ਸਿੰਘ (ਫਗਵਾੜਾ), ਅਮਰਜੀਤ ਸਿੰਘ ਐਡਵੋਕੇਟ (ਕਾਨਪੁਰ), ਮੋਹਕਮ ਸਿੰਘ (ਲੁਧਿਆਣਾ)।

ਅਤੇ ਹੋਰ ਮੀਟਿੰਗ ਵਿਚ ਸ਼ਾਮਲ ਅਖੰਡ ਕੀਰਤਨੀ ਜਥੇ ਦੇ ਮੈਂਬਰ